Victim Support Scotland

ਐਮਰਜੈਂਸੀ ਸਹਾਇਤਾ ਫੰਡ



ਵਿਕਟਿਮ ਸਪੋਰਟ ਸਕਾਟਲੈਂਡ ਦਾ ਐਮਰਜੈਂਸੀ ਸਹਾਇਤਾ ਫੰਡ ਸਕਾਟਲੈਂਡ ਭਰ ਦੇ ਉਨ੍ਹਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਅਪਰਾਧ ਦੇ ਸਿੱਧੇ ਨਤੀਜੇ ਵਜੋਂ ਵਿੱਤੀ ਮਦਦ ਦੀ ਤੁਰੰਤ ਲੋੜ ਹੁੰਦੀ ਹੈ।

ਇਹ ਫੰਡ ਉਨ੍ਹਾਂ ਲੋਕਾਂ ਲਈ ਪਹੁੰਚਯੋਗ ਹੈ ਜਿਨ੍ਹਾਂ ਕੋਲ ਕੋਈ ਵਿਕਲਪਿਕ ਫੰਡਿੰਗ ਵਿਕਲਪ ਨਹੀਂ ਹਨ ਅਤੇ ਇਹ ਭੋਜਨ, ਫਰਨੀਚਰ ਅਤੇ ਸੁਰੱਖਿਆ ਉਪਾਵਾਂ ਵਰਗੀਆਂ ਕਈ ਜ਼ਰੂਰੀ ਚੀਜ਼ਾਂ ਅਤੇ ਸੇਵਾਵਾਂ ਨੂੰ ਕਵਰ ਕਰਦਾ ਹੈ।

ਕੀ ਮੈਂ ਯੋਗ ਹਾਂ?


ਤੁਸੀਂ ਵੀ.ਐੱਸ.ਐੱਸ. ਦੇ ਐਮਰਜੈਂਸੀ ਸਹਾਇਤਾ ਫੰਡ ਤੋਂ ਸਹਾਇਤਾ ਲਈ ਯੋਗ ਹੋ ਸਕਦੇ ਹੋ ਜੇਕਰ:

- ਤੁਹਾਨੂੰ ਅਪਰਾਧ ਦੇ ਸਿੱਧੇ ਨਤੀਜੇ ਵਜੋਂ ਵਿੱਤੀ ਲੋੜ ਹੈ।
- ਜ਼ਰੂਰਤ ਬਹੁਤ ਜ਼ਰੂਰੀ ਅਤੇ ਫੌਰੀ ਹੈ, ਅਤੇ ਜੀਵਨ ਲਈ ਜ਼ਰੂਰੀ ਹੈ
- ਤੁਹਾਡੇ ਕੋਲ ਚੀਜ਼ਾਂ ਦਾ ਭੁਗਤਾਨ ਕਰਨ ਲਈ ਕਿਸੇ ਹੋਰ ਪੈਸੇ ਜਾਂ ਫੰਡਿੰਗ ਤੱਕ ਪਹੁੰਚ ਨਹੀਂ ਹੈ।

ਨਵੀਨਤਮ ਯੋਗਤਾ ਮਾਪਦੰਡਾਂ ਲਈ ਕਿਰਪਾ ਕਰਕੇ ਵਿਕਟਿਮ ਸਪੋਰਟ ਸਕਾਟਲੈਂਡ ਦੀ ਵੈੱਬਸਾਈਟ ਵੇਖੋ:

www.victimsupport.scot/vss-eaf

ਇੱਥੇ ਸਕੈਨ ਕਰੋ



ਇਸ ਵਿੱਚ ਕੀ ਸ਼ਾਮਲ ਹੈ?

ਐਮਰਜੈਂਸੀ ਸਹਾਇਤਾ ਫੰਡ ਅਪਰਾਧ ਤੋਂ ਬਾਅਦ ਖਾਸ ਖਰਚਿਆਂ ਅਤੇ ਚੀਜ਼ਾਂ ਲਈ ਉਪਲਬਧ ਹੈ। ਇਹ ਕੋਈ ਮੁਆਵਜ਼ਾ ਫੰਡ ਨਹੀਂ ਹੈ। ਵੀ.ਐੱਸ.ਐੱਸ. ਸਾਮਾਨ ਅਤੇ ਸੇਵਾਵਾਂ ਖਰੀਦੇਗਾ।

ਫੰਡ ਕੀ ਕਵਰ ਕਰ ਸਕਦਾ ਹੈ, ਇਸ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹਨ:

- ਐਮਰਜੈਂਸੀ ਘਰੇਲੂ ਸਮਾਨ
- ਭੋਜਨ, ਸਹੂਲਤ ਜਾਂ ਕੱਪੜਿਆਂ ਦੇ ਖਰਚੇ
- ਖਰਾਬ ਹੋਈ ਜਾਇਦਾਦ ਜਾਂ ਸਮਾਨ ਦੀ ਮੁਰੰਮਤ ਜਾਂ ਬਦਲਣ ਦੇ ਖਰਚੇ
- ਅੰਤਿਮ ਸੰਸਕਾਰ ਦੇ ਖਰਚਿਆਂ ਵਿੱਚ ਯੋਗਦਾਨ
- ਮੈਂਤ ਬਦਲਣ ਦੇ ਖਰਚੇ
- ਸੁਰੱਖਿਅਤ ਸਥਾਨ 'ਤੇ ਯਾਤਰਾ ਦੇ ਖਰਚੇ
- ਸੁਰੱਖਿਆ ਉਪਕਰਨਾਂ ਦੀ ਲਾਗਤ

(ਨੋਟ ਕਰੋ ਕਿ ਇਹ ਇੱਕ ਸੰਪੂਰਨ ਸੂਚੀ ਨਹੀਂ ਹੈ)



ਅਰਜ਼ੀ ਕਿਵੇਂ ਦੇਣੀ ਹੈ

ਤੁਸੀਂ ਅਪਰਾਧ ਦੇ ਪੀੜਤ ਵਜੋਂ ਸਿੱਧੇ ਫੰਡ ਨੂੰ ਅਰਜ਼ੀ ਦੇ ਸਕਦੇ ਹੋ, ਜਾਂ ਤੁਹਾਡੀ ਤਰਫੋਂ ਕਿਸੇ ਭਾਈਵਾਲ ਸੰਸਥਾ ਦੁਆਰਾ ਅਰਜ਼ੀ ਜਮ੍ਹਾਂ ਕਰਵਾਈ ਜਾ ਸਕਦੀ ਹੈ।

ਸਿੱਧਾ ਬਿਨੈਕਾਰ: ਤੁਸੀਂ ਸਾਡੀ ਵੈੱਬਸਾਈਟ 'ਤੇ ਅਰਜ਼ੀ ਫਾਰਮ ਭਰ ਕੇ ਸਿੱਧੇ ਫੰਡ ਵਿੱਚ ਅਰਜ਼ੀ ਦੇ ਸਕਦੇ ਹੋ। ਫਿਰ ਅਸੀਂ ਉਸ ਸਹਾਇਤਾ ਬਾਰੇ ਚਰਚਾ ਕਰਨ ਲਈ ਸੰਪਰਕ ਕਰਾਂਗੇ ਜੋ ਅਸੀਂ ਪੇਸ਼ ਕਰ ਸਕਦੇ ਹਾਂ।

ਤੁਹਾਡੀ ਸਥਾਨਕ ਵੀ.ਐੱਸ.ਐੱਸ. ਸੇਵਾ ਤੁਹਾਡੀ ਅਰਜ਼ੀ ਦੇਣ ਵਿੱਚ ਤੁਹਾਡੀ ਸਹਾਇਤਾ ਕਰਕੇ ਖੁਸ਼ ਹੋਵੇਗੀ - ਤੁਸੀਂ ਆਪਣੀ ਸਥਾਨਕ ਸੇਵਾ **www.victimsupport.scot/locations** 'ਤੇ ਲੱਭ ਸਕਦੇ ਹੋ।

ਭਾਈਵਾਲ ਸੰਗਠਨ: ਹੋਰ ਸੰਸਥਾਵਾਂ ਜੋ ਤੁਹਾਡਾ ਸਮਰਥਨ ਕਰ ਸਕਦੀਆਂ ਹਨ, ਉਹ ਵੀ ਤੁਹਾਡੀ ਤਰਫ਼ੋਂ ਅਰਜ਼ੀ ਦੇ ਸਕਦੀਆਂ ਹਨ। ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ।

ਐਮਰਜੈਂਸੀ ਸਹਾਇਤਾ ਫੰਡ ਵਿੱਚ ਅਰਜ਼ੀ ਦੇਣ ਲਈ, **www.victimsupport.scot/vss-eaf** 'ਤੇ ਜਾਓ।

ਇੱਥੇ ਸਕੈਨ ਕਰੋ

ਕਿਰਪਾ ਕਰਕੇ ਧਿਆਨ ਦਿਓ, ਅਸੀਂ ਆਪਣੀ ਹੈਲਪਲਾਈਨ ਜਾਂ ਔਨਲਾਈਨ ਚੈਟ ਰਾਹੀਂ ਫੰਡ ਨਾਲ ਸਬੰਧਤ ਕਾਲਾਂ ਸਵੀਕਾਰ ਨਹੀਂ ਕਰ ਸਕਦੇ।

ਜੇਕਰ ਤੁਸੀਂ ਸਕਾਟਲੈਂਡ ਵਿੱਚ ਹੋਏ ਕਿਸੇ ਅਪਰਾਧ ਦੇ ਸ਼ਿਕਾਰ ਹੋਏ ਸੀ, ਪਰ ਹੁਣ ਤੁਸੀਂ ਸਕਾਟਲੈਂਡ ਤੋਂ ਬਾਹਰ ਰਹਿੰਦੇ ਹੋ, ਤਾਂ ਵੀ ਤੁਸੀਂ ਸਹਾਇਤਾ ਲਈ ਯੋਗ ਹੋ ਸਕਦੇ ਹੋ। ਕਿਰਪਾ ਕਰਕੇ ਸੰਪਰਕ ਕਰੋ।

ਸਾਡੇ ਨਾਲ ਸੰਪਰਕ ਕਰੋ

www.victimsupport.scot/vss-eaf

eaf@victimsupportsco.org.uk



Victim Support Scotland

ਵਿਕਟਿਮ ਸਪੋਰਟ ਸਕਾਟਲੈਂਡ ਇੱਕ ਸਕਾਟਿਸ਼ ਚੈਰੀਟੇਬਲ ਇਨਕਾਰਪੋਰੇਟਿਡ ਸੰਸਥਾ ਹੈ, ਜੋ ਸਕਾਟਲੈਂਡ ਐਸਸੀ002138 ਵਿੱਚ ਰਜਿਸਟਰਡ ਹੈ। ਰਜਿਸਟਰਡ ਦਫ਼ਤਰ 15-23 ਹਾਰਡਵੈੱਲ ਕਲੋਜ਼, ਐਡਿਨਬਰਗ, ਈਐਚ 8 9 ਆਰਐਕਸ।

ਅਸੀਂ ਸਾਰੇ ਭਾਈਚਾਰਿਆਂ ਦੇ ਲੋਕਾਂ ਦਾ ਸਮਰਥਨ ਕਰਦੇ ਹਾਂ। ਜੇਕਰ ਤੁਸੀਂ ਇਹ ਪਰਚਾ ਕਿਸੇ ਹੋਰ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਵੀ.ਐੱਸ.ਐੱਸ. ਵਿਖੇ, ਅਸੀਂ ਅਪਰਾਧ ਤੋਂ ਪ੍ਰਭਾਵਿਤ ਵੱਧ ਤੋਂ ਵੱਧ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਚਾਹੁੰਦੇ ਹਾਂ। ਹਾਲਾਂਕਿ ਇਹ ਪਰਚਾ ਪੰਜਾਬੀ ਵਿੱਚ ਦਿੱਤਾ ਗਿਆ ਹੈ, ਪਰ ਹੋ ਸਕਦਾ ਹੈ ਕਿ ਹਮੇਸ਼ਾ ਕੋਈ ਅਜਿਹਾ ਵਿਅਕਤੀ ਤੁਰੰਤ ਉਪਲਬਧ ਨਾ ਹੋਵੇ ਜੋ ਤੁਹਾਡੀ ਪਸੰਦੀਦਾ ਭਾਸ਼ਾ ਬੋਲ ਸਕੇ। ਜੇ ਤੁਸੀਂ ਚਾਹੋ, ਤਾਂ ਤੁਸੀਂ ਆਪਣੇ ਭਰੋਸੇਮੰਦ ਵਿਅਕਤੀ, ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਜੋ ਅਨੁਵਾਦ ਕਰ ਸਕਦਾ ਹੈ, ਤੁਹਾਡੇ ਵੱਲੋਂ ਸਾਡੇ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ।